ਡਰੋਲੀ ਭਾਈ ਵਿਖੇ 7 ਰੋਜ਼ਾ ਡਾਕਟਰੀ ਕੈਂਪ ਲੱਗਾ

ਮੋਗਾ, 24 ਫਰਵਰੀ (ਅ.ਬ.)-ਇੱਥੋਂ 15 ਕਿਲੋਮੀਟਰ ਦੂਰ ਇਤਿਹਾਸਕ ਨਗਰ ਡਰੋਲੀ ਭਾਈ ਦੇ ਸ੍ਰੀ ਗੁਰੂ ਹਰ ਰਾਇ ਸਾਹਿਬ ਦੁਆ ਤੇ ਦਵਾ ਸੰਸਥਾਨ ਵਿਖੇ 7 ਰੋਜ਼ਾ ਮੁਫਤ ਡਾਕਟਰੀ ਕੈਂਪ ਲਗਾ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਲੱਗੇ ਇਸ ਕੈਂਪ ਵਿੱਚ ਡਾ. ਸੰਤ ਗੁਰਨਾਮ ਸਿੰਘ ਡਰੋਲੀ ਭਾਈ ਦੀ ਅਗਵਾਈ ਹੇਠ ਡਾ. ਸਤੀਸ਼ ਕੁਮਾਰ ਕੋਛੜ, ਡਾ. ਕਸਤੂਰੀ ਲਾਲ, ਡਾ. ਸ਼ਿੰਗਾਰਾ ਸਿੰਘ ਆਦਿ ਦੀ ਟੀਮ ਵੱਲੋਂ 2330 ਮਰੀਜ਼ਾਂ ਦਾ ਨਰੀਖਣ ਕਰਕੇ ਮੁਫਤ ਦਵਾਈਆਂ ਦੀ ਸੇਵਾ ਕੀਤੀ ਗਈ। ਕੈਂਪ ਦਾ ਉਦਘਾਟਨ ਭਾਜਪਾ ਚੋਣ ਇੰਚਾਰਜ ਪੰਜਾਬ ਤੇ ਜ਼ਿਲ੍ਹਾ ਯੋਜਨਾ ਬੋਰਡ ਫਿਰੋਜ਼ਪੁਰ ਦੇ ਚੇਅਰਮੈਨ ਐਡਵੋਕੇਟ ਮਨਜੀਤ ਸਿੰਘ 'ਰਾਏ', ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਫਿਰੋਜ਼ਪੁਰ ਦੇ ਸੀਨੀਅਰ ਮੀਤ ਪ੍ਰਧਾਨ ਤੇ ਲੈਂਡ ਮਾਰਗੇਜ਼ ਬੈਂਕ ਜ਼ੀਰਾ ਦੇ ਚੇਅਰਮੈਨ ਜਥੇਦਾਰ ਮਹਿੰਦਰ ਸਿੰਘ ਲਹਿਰਾ ਅਤੇ ਕਰਨੈਲ ਸਿੰਘ ਇੰਜੀਨੀਅਰ ਨੇ ਕੀਤਾ ਤੇ ਡਾ. ਸੰਤ ਗੁਰਨਾਮ ਸਿੰਘ ਜੀ ਵੱਲੋਂ ਕੀਤੀ ਜਾ ਰਹੀ ਧਰਮ ਪ੍ਰਚਾਰ ਤੇ ਸਮਾਜ ਸੇਵਾ ਦੀ ਪੁਰਜ਼ੋਰ ਸ਼ਲਾਘਾ ਕਰਦਿਆਂ ਸੰਗਤਾਂ ਨੂੰ ਹਰ ਤਰ੍ਹਾਂ ਸਹਿਯੋਗ ਕਰਨ ਦੀ ਅਪੀਲ ਕੀਤੀ।

ਤਾਲਿਬਾਨਾਂ ਵਲੋਂ ਸ਼ਹੀਦ ਕੀਤੇ ਸਿੱਖਾਂ ਨਮਿੱਤ ਅਖੰਡ ਪਾਠ ਅੱਜ ਪ੍ਰਾਰੰਭ ਹੋਵੇਗਾ- ਜਥੇ: ਅਵਤਾਰ ਸਿੰਘ

ਅੰਮ੍ਰਿਤਸਰ: 24 ਫਰਵਰੀ-(ਮੋਤਾ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਦੇ ਪਿਸ਼ਾਵਰ ਸੂਬੇ 'ਚ ਤਾਲਿਬਾਨਾਂ ਵਲੋਂ ਅਗਵਾ ਕੀਤੇ ਸਿੱਖਾਂ ਵਿਚੋਂ ਬੀਤੇ ਦਿਨੀਂ ਸ਼ਹੀਦ ਹੋਏ ਨੌਜਵਾਨ ਸ ਜਸਪਾਲ ਸਿੰਘ ਤੇ ਸ, ਮਾਹਲ ਸਿੰਘ ਦੇ ਨਮਿਤ ਆਤਮਿਕ ਸ਼ਾਂਤੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਸਮੂੰਹ 'ਚ ਗੁਰਦੁਆਰਾ ਝੰਡਾ-ਬੁੰਗਾ ਵਿਖੇ ਅਖੰਡ ਪਾਠ ਅੱਜ 25 ਫਰਵਰੀ ਨੂੰ ਸਵੇਰੇ 830 ਵਜੇ ਪ੍ਰਾ-ਆਰੰਭ ਹੋਵੇਗਾ। ਉਨ੍ਹਾਂ ਕਿਹਾ ਕਿ ਸਮੁੱਚੇ ਸੰਸਾਰ ਦੇ ਅਮਨ ਪਸੰਦ ਲੋਕਾਂ ਨੇ ਇਸ ਵਹਿਸ਼ੀ ਕਾਂਡ ਦੀ ਨਿੰਦਾ ਕਰਦਿਆਂ ਦੇਸ਼ ਭਰ 'ਚ ਰੋਸ ਮੁਜ਼ਾਹਰੇ ਕੀਤੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਹੀਦ ਹੋਏ ਸਿੰਘਾਂ ਦੇ ਪ੍ਰੀਵਾਰਾਂ ਨੂੰ ਹਰ ਪੱਖੋਂ ਸਹਾਇਤਾ ਪ੍ਰਦਾਨ ਕੀਤੇ ਜਾਣ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਤਾਲਿਬਾਨਾਂ ਦੇ ਕਬਜ਼ੇ 'ਚੋਂ ਸਿੱਖਾਂ ਨੂੰ ਰਿਹਾਅ ਕਰਾਉਣ ਤੇ ਉਨ੍ਹਾਂ ਦੇ ਜਾਨ ਮਾਲ ਦੀ ਸੁਰੱਖਿਆ ਲਈ ਪਾਕਿਸਤਾਨ ਸਰਕਾਰ ਦੇ ਦਬਾਅ ਪਾਵੇ।

ਫੋਟੋ ਕੁਲਦੀਪ ਸਿੰਘ

ਸਕੂਲ ਦੇ ਸਾਲਾਨਾ ਇਨਾਮ ਵੰਡ ਸਮਾਗਮ 'ਚ ਬੱਚਿਆਂ ਨੇ ਰੰਗ ਬੰਨ੍ਹਿਆ

ਜਲੰਧਰ, 24 (ਸਰਬਜੀਤ ਵਾਲੀਆ) ਅੱਜ ਐਮ. ਜੀ. ਐਨ. ਪਬਲਿਕ ਸਕੂਲ ਆਦਰਸ਼ ਨਗਰ ਜਲੰਧਰ ਵਿਖੇ ਪਹਿਲੀ ਤੋਂ ਚੌਥੀ ਜਮਾਤ ਦੇ ਬੱਚਿਆਂ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਦੇ ਮੁੱਖ ਮਹਿਮਾਨ ਡਾ. ਗੁਰਪ੍ਰੀਤ ਸਿੰਘ ਖਹਿਰਾ ਜਲੰਧਰ ਸਨ। ਸਕੂਲ ਦੇ ਨੰਨ੍ਹੇ ਮੁੰਨ੍ਹੇ ਬੱਚਿਆਂ ਨੇ ਪ੍ਰਿੰਸੀਪਲ ਮਿਸ ਸਤਵੰਤ ਗਾਖਲ ਵੱਲੋਂ ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਸ਼ਬਦ ਨਾਲ ਕੀਤੀ ਗਈ। ਉਸ ਤੋਂ ਬਾਅਦ ਛੋਟੇ ਛੋਟੇ ਬੱਚਿਆਂ ਨੇ ਸਾਰੇ ਮਹਿਮਾਨਾਂ ਨੂੰ ਗੀਤ ਗਾ ਕੇ ਜੀ ਆਇਆ ਆਖਿਆ। ਇਸ ਤੋਂ ਬਾਅਦ ਇੰਗਲਿਸ਼ ਸੋਗ ਤੇ ਐਕਸ਼ਨ ਡਾਂਸ ਰਾਹੀ ਸਰੋਤਿਆ ਨੂੰ ਕੀਲ ਲਿਆ। ਮੁੱਖ ਮਹਿਮਾਨ ਨੇ ਅਕਾਦਮਿਕ ਅਦਾਰੇ ਵਿੱਚ ਏ. ਪਲੱਸ ਗਰੇਡ ਤੇ 100% ਹਾਜਰੀ ਤੇ ਸੀਨੀਅਰ ਬੱਚਿਆਂ ਨੂੰ ਵੀ ਅਕਾਦਮਿਕ ਤੇ ਗੈਰ ਅਕਾਦਮਿਕ ਗਤੀਵਿਧੀਆਂ ਵਿੱਚ ਯੋਗਤਾ ਹਾਸਲ ਕਰਨ ਕਰਕੇ ਇਨਾਮ ਵੰਡੇ। ਮੁੱਖ ਮਹਿਮਾਨ ਨੇ ਆਪਣੇ ਭਾਸ਼ਣ ਵਿੱਚ ਐਮ. ਜੀ. ਐਨ. ਐਜੂਕੇਸ਼ਨ ਟਰੱਸਟ ਤੇ ਸਕੂਲ ਦੇ ਪ੍ਰਿੰਸੀਪਲ ਨੂੰ ਬੱਚਿਆਂ ਦੀ ਸਫਲ ਕਾਰਗੁਜਾਰੀ ਲਈ ਵਧਾਈ ਦਿੱਤੀ। ਪ੍ਰੋਗਰਾਮ ਦੇ ਅੰਤ ਵਿੱਚ ਬੱਚਿਆਂ ਨੇ ਗਿੱਧੇ ਤੇ ਭੰਗੜੇ ਨਾਲ ਸਰੋਤਿਆਂ ਨੂੰ ਆਪਣੇ ਰੰਗ ਵਿੱਚ ਰੰਗ ਲਿਆ। ਆਨਰੇਰੀ ਸਕੱਤਰ ਜਰਨੈਲ ਸਿੰਘ ਪਸਰੀਚਾ ਨੇ ਸਕੂਲ ਦੇ ਪ੍ਰਿੰਸੀਪਲ ਮਿਸ ਸਤਵੰਤ ਗਾਖਲ, ਵਾਈਸ ਪ੍ਰਿੰਸੀਪਲ ਸ੍ਰੀਮਤੀ ਬਰਿੰਦਰ ਬਡਵਾਲ, ਪ੍ਰਾਇਮਰੀ ਵਿੰਗ ਦੇ ਇੰਚਾਰਜ ਸ੍ਰੀਮਤੀ ਡੀ.ਕੇ. ਸੱਗੂ, ਪ੍ਰੀ. ਪ੍ਰਾਇਮਰੀ ਵਿੰਗ ਦੇ ਇੰਚਾਰਜ ਸ੍ਰੀਮਤੀ ਕਿਰਨ ਮਹਿਤਾ, ਸਟਾਫ ਅਤੇ ਬੱਚਿਆਂ ਨੂੰ ਸਮਾਗਮ ਨੂੰ ਸਫਲਤਾ ਪੂਰਵਕ ਢੰਗ ਨਾਲ ਨਿਭਾਉਣ ਦੀ ਸ਼ਲਾਘਾ ਕੀਤੀ। ਇਹ ਸਾਰਾ ਪ੍ਰੋਗਰਾਮ ਬੱਚਿਆਂ ਦੁਆਰਾ ਹੀ ਪੇਸ਼ ਕੀਤਾ ਗਿਆ।

ਇੰਜੀ. ਦੇਵ ਰਾਜ ਵੱਲੋਂ ਸੇਵਾ ਮੁਕਤੀ ਮੌਕੇ ਸਹਾਰਾ ਕਲੱਬ ਨੂੰ ਇੱਕ ਲੱਖ ਰੁਪਏ

ਆਦਮਪੁਰ, 24 ਫਰਵਰੀ (ਹਰਪ੍ਰੀਤ ਸਿੰਘ ਹੀਰ)-ਡਿਪਲੋਮਾ ਇੰਜੀਨੀਅਰਜ਼ ਐਸੋਸੀਏਸ਼ਨ ਜੀ.ਡਬਲਯੂ.ਸੀ. ਐਗਰੀਕਲਚਰਲ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਮੰਦਬੱਧੀ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਮੰਦਬੱਧੀ ਤੇ ਅਪਾਹਜ ਬੱਚਿਆਂ ਲਈ ਮੁਫਤ ਸਹਾਰਾ ਮੁਸਕਾਨ ਸਕੂਲ ਆਦਮਪੁਰ ਦੇ ਫਾਊਂਡਰ ਚੇਅਰਮੈਨ ਇੰਜੀ. ਦੇਵ ਰਾਜ ਖੇਤੀਬਾੜੀ ਵਿਭਾਗ ਹੁਸ਼ਿਆਰਪੁਰ ਤੋਂ ਸਹਾਇਕ ਇੰਜੀਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਗਏ। ਸੇਵਾ ਮੁਕਤੀ ਉਪਰੰਤ ਘਰ ਪਹੁੰਚਣ ਤੇ ਸਹਾਰਾ ਕਲੱਬ ਆਦਮਪੁਰ ਦੇ ਅਹੁਦੇਦਾਰ ਅਤੇ ਸਹਾਰਾ ਸਕੂਲ ਦੇ ਬੱਚਿਆਂ ਵੱਲੋਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਇੰਜੀ. ਦੇਵ ਰਾਜ ਨੇ ਸਹਾਰਾ ਕਲੱਬ ਨੂੰ ਸਮਾਜ ਭਲਾਈ ਕੰਮਾਂ ਲਈ ਇੱਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪੰਜਾਬ ਦੇ ਹਰ ਜ਼ਿਲ੍ਹਿਆਂ ਤੇ ਆਏ ਇੰਜੀਨੀਅਰ ਜਰਨੈਲ ਸਿੰਘ ਚੰਡੀਗੜ੍ਹ, ਅਰਵਿੰਦਰ ਸਿੰਘ ਹੁਸ਼ਿਆਰਪੁਰ, ਬਲਦੇਵ ਸਿੰਘ ਕਪੂਰਥਲਾ, ਅਮਰਜੀਤ ਤੇ ਜਗਦੀਸ਼ ਕੁਮਾਰ ਦੋਵੇਂ ਨੇ ਆਪਣੇ ਇੰਜੀ. ਦੇਵ ਰਾਜ ਦੇ ਕੰਮਾਂ ਦੀ ਸ਼ਲਾਘਾ ਕੀਤੀ। ਸਹਾਰਾ ਕਲੱਬ ਦੇ ਪ੍ਰਧਾਨ ਸ੍ਰੀ ਐੱਸ.ਐੱਲ. ਭਾਟੀਆ ਨੇ ਸਮਾਗਮ ਨੂੰ ਸੰਬੋਧਨ ਕੀਤਾ। ਇਸ ਮੌਕੇ ਸੰਜੀਵ ਮਿੰਟਾ, ਗੁਲਜ਼ਾਰੀ ਲਾਲ ਓਮ ਪ੍ਰਕਾਸ਼, ਸਤੀਸ਼ ਕੁਮਾਰ, ਪਿਆਰਾ ਸਿੰਘ, ਰਾਮ ਸਿੰਘ, ਸੱਤਪਾਲ ਬਜਾਜ, ਸੁਰਜੀਤ ਕੁਮਾਰ ਆਦਿ ਤੋਂ ਹੋਰ ਸੱਜਣ ਹਾਜ਼ਰ ਸਨ।

ਤਬਲਾ ਵਜਾਉਣ 'ਚ ਕ੍ਰਾਂਤੀ ਲਿਆ ਰਿਹੈ-ਕਰਾਂਤੀ ਪਾਲ

ਜਲੰਧਰ, 24 ਫਰਵਰੀ (ਪ.ਪ.) ਪ੍ਰਮਾਤਮਾ ਹਰੇਕ ਮਨੁੱਖ ਨੂੰ ਬਹੁਤ ਸਾਰੇ ਗੁਣ ਬਖਸ਼ਦਾ ਹੈ। ਕਲਾ ਮਨੁੱਖ ਅੰਦਰ ਇੱਕ ਅਜਿਹਾ ਝਰਨਾ ਹੈ ਜੋ ਆਪ ਮੁਹਾਰੇ ਫੁੱਟਦਾ ਹੈ। ਅਜਿਹਾ ਹੀ ਹੋਇਆ ਪਿੰਡ ਚੱਕ ਦੇਸ਼ ਰਾਜ ਜ਼ਿਲ੍ਹਾ ਜਲੰਧਰ 'ਚ ਜਨਮੇ ਕਰਾਂਤੀ ਪਾਲ ਨਾਲ। ਮਾਤਾ ਕੁਲਦੀਪ ਕੌਰ ਤੇ ਪਿਤਾ ਪਰਮਜੀਤ ਸਿੰਘ ਦੇ ਅੱਖ ਦੇ ਤਾਰੇ ਦਾ ਜਨਮ 12.08.1979 ਨੂੰ ਹੋਇਆ। ਤਬਲਾ ਵਜਾਉਣ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਉਸ ਨੇ ਪੜ੍ਹਾਈ ਦੇ ਨਾਲ ਨਾਲ ਤਬਲਾ ਵਜਾਉਣ ਦਾ ਸ਼ੌਕ ਵੀ ਜਾਰੀ ਰੱਖਿਆ। ਸੰਗੀਤ ਦੀ ਵਿੱਦਿਆ ਉਸ ਨੂੰ ਪਹਿਲਾਂ ਆਪਣੇ ਘਰ ਵਿੱਚੋਂ ਹੀ ਪਿਤਾ ਜੀ ਤੋਂ ਮਿਲੀ। ਜੋ ਉੱਘੇ ਵਿਚਾਰਾਂ ਵਾਲੇ ਸੰਤ ਰਾਮ ਉਦਾਸੀ ਦੇ ਨਜਦੀਕੀ ਹਨ। ਕ੍ਰਾਂਤੀ ਪਾਲ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਹਾਇਰ ਸੈਕੰਡਰੀ ਸਰਹਾਲ ਕਾਜੀਆਂ ਸਕੂਲ ਤੋਂ ਪਾਸ ਕੀਤੀ। ਕਰਾਂਤੀ ਪਾਲ ਨੇ ਆਪਣਾ ਉਸਤਾਦ ਕਾਦਰ ਬਖਸ਼ ਨੂਰਪੁਰੀ ਨੂੰ ਧਾਰਿਆ ਜੋ ਉੱਘੇ ਗਾਇਕ ਬੂਟਾ ਮੁਹੰਮਦ ਦੇ ਮਾਮਾ ਜੀ ਹਨ। ਕ੍ਰਾਂਤੀ ਪਾਲ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਢਾਡੀਆਂ ਨਾਲ ਪੰਜਾਬ ਅਤੇ ਪੰਜਾਬ ਤੋਂ ਬਾਹਰ ਸੂਰਤ ਗਵਾਲੀਅਰ ਅਤੇ ਨੌਇਡਾ ਵਿੱਚ ਵੀ ਆਪਣੀ ਕਲਾ ਦੇ ਜੌਹਰ ਵਿਖਾ ਚੁੱਕਾ ਹੈ। ਉਹ ਪ੍ਰਸਿੱਧ ਗਾਇਕ ਬੂਟਾ ਮੁਹੰਮਦ, ਪ੍ਰਵੀਨ ਭਾਰਟਾ, ਮਨਮੋਹਨ ਵਾਰਿਸ, ਗੁਰਮੇਜ ਮੇਹਲੀ ਅਤੇ ਫਿਰੋਜ਼ ਖਾਨ ਨਾਲ ਵੱਖ-ਵੱਖ ਥਾਵਾਂ ਤੇ ਤਬਲਾ ਵਜਾ ਚੁੱਕਿਆ ਹੈ। ਅੱਜਕੱਲ੍ਹ ਉਹ ਸੰਗੀਤ ਮੰਡਲੀ ਚੱਕ ਦੇਸ਼ ਰਾਜ ਅਤੇ ਫਿਰੋਜ਼ ਖਾਨ ਨਾਲ ਆਪਣੀਆਂ ਮੰਜ਼ਿਲਾਂ ਵੱਲ ਵੱਧ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਇਸ ਸ਼ੌਕ ਨੂੰ ਉਹ ਸਾਰੀ ਜਿੰਦਗੀ ਕਾਇਮ ਰੱਖੇਗਾ। ਪ੍ਰਮਾਤਮਾ ਉਸ ਨੂੰ ਹੋਰ ਤਰੱਕੀ ਦੇਵੇ ਅਤੇ ਉਸ ਦੀਆਂ ਉਮੀਦਾਂ ਪੂਰੀਆਂ ਕਰੇ।

ਰਾਮੂਵਾਲੀਆ ਨੇ ਉਠਾਈ ਪੰਜਾਬੀ ਲਾਗੂ ਕਰਨ ਦੀ ਮੰਗ, ਦਿੱਤਾ ਧਰਨਾ

ਫੋਟੋ-ਕੁਲਦੀਪ ਸਿੰਘ

ਜਲੰਧਰ, 24 ਫਰਵਰੀ (ਇਕਬਾਲ ਸਿੰਘ ਉੱਭੀ) ਅੱਜ ਜਲੰਧਰ ਵਿੱਚ ਬੇਰੁਜਗਾਰੀ, ਮਿਲਾਵਟ ਰਾਹੀ ਵੰਡੀ ਜਾ ਰਹੀ ਮੌਤ ਸਰਕਾਰੀ ਦਫ਼ਤਰਾਂ ਵਿੱਚ ਹੋ ਰਹੀ ਲੋਕਾਂ ਦੀ ਲੁੱਟ ਖਸੁਟ ਅਤੇ ਜਲਾਲਤ, ਟਰੱਕ ਟੈਕਸੀ ਵਾਲਿਆਂ ਦੀਆਂ ਮੰਗਾਂ ਅਤੇ ਨਸ਼ਿਆਂ ਦੇ ਖ਼ਿਲਾਫ਼ ਯੂਥ ਵਿੰਗ (ਲੋਕ ਭਲਾਈ ਪਾਰਟੀ) ਵੱਲੋਂ ਪੰਜਾਬ ਵਿੱਚ ਪੰਜਾਬੀ ਲਾਗੂ ਕਰਵਾਉਣ ਸਬੰਧੀ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਹੈਪੀ ਗਿੱਲ ਸਪ੍ਰਸਤ ਯੂਥ ਵਿੰਗ ਲੋਭਪਾ, ਪ੍ਰਮਿੰਦਰ ਸਿੰਘ ਘੱਗਾ, ਅਮਨਦੀਪ ਮਾਣਕ ਮਾਜਰਾ, ਹਰਪ੍ਰੀਤ ਸਿੰਘ ਸਨਾਮ, ਲੋਕ ਭਲਾਈ ਦੇ ਸੀ. ਮੀ. ਪ੍ਰਧਾਨ ਸ. ਅਵਤਾਰ ਸਿੰਘ ਮੁੱਲਾਂਪੁਰੀ ਅਮਰੀਕ ਸਿੰਘ ਵਰਪਾਲ ਮੰਗਾਂ ਦੇ ਸਬੰਧ ਵਿੱਚ ਸੰਬੋਧਨ ਕੀਤਾ। ਇਸ ਮੌਕੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਸਰਕਾਰ ਨੂੰ ਲੰਬੇ ਹੱਥ ਲੈਂਦੇ ਹੋਏ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਗੀਆਂ ਗਈਆਂ ਤਾਂ ਲੋਕ ਭਲਾਈ ਪਾਰਟੀ ਵੱਲੋਂ ਗ੍ਰਿਫ਼ਤਾਰੀਆਂ ਦਿੱਤੀਆਂ

ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਤੁਰੰਤ ਕਦਮ ਚੁੱਕੇ ਜਾਣ-ਕਾਂਝਲਾ

ਮਹਿਲ ਕਲਾਂ, 24 ਫਰਵਰੀ (ਬਲਵਿੰਦਰ ਸਿੰਘ ਵਜੀਦਕੇ)-ਭਾਰਤ ਦਾ ਪ੍ਰਧਾਨ ਮੰਤਰੀ ਸਿੱਖ ਹੋਣ 'ਤੇ ਵਿਦੇਸ਼ ਨੀਤੀ ਨੂੰ ਪ੍ਰਭਾਵਿਤ ਕਰਨ ਦੇ ਇਵਜ਼ ਵਜੋਂ ਤਾਲਿਬਾਨਾਂ ਨੇ ਪਾਕਿਸਤਾਨ ਵਿੱਚ ਵੱਸਦੇ ਸਿੱਖਾਂ ਦੇ ਸਿਰ ਕਲਮ ਕਰਕੇ ਭਾਰਤ ਪ੍ਰਤੀ ਰਵੱਈਏ ਨੂੰ ਸਪੱਸ਼ਟ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਮੀਤ ਪ੍ਰਧਾਨ ਸ੍. ਗੋਬਿੰਦ ਸਿੰਘ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਇੱਥੇ ਪ੍ਰੈੱਸ ਕਲੱਬ ਦੇ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸ੍. ਕਾਂਝਲਾ ਨੇ ਦਹਾਕਿਆਂ ਤੋਂ ਕਾਬਜ਼ ਕੇਂਦਰ ਦੀ ਕਾਂਗਰਸ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਤੀਲਾ-ਤੀਲਾ ਹੋ ਰਹੇ ਪਾਕਿਸਤਾਨ ਪ੍ਰਤੀ ਸਪੱਸ਼ਟ ਤੇ ਸਖਤ ਰੁੱਖ ਅਖਤਿਆਰ ਕਰਨ ਦੀ ਥਾਂ ਕੇਂਦਰ ਸਰਕਾਰ ਨੇ ਹਮੇਸ਼ਾ ਨਰਮ ਤੇ ਅਸਪੱਸ਼ਟ ਰਵੱਈਆ ਅਪਣਾਇਆ ਹੋਇਆ ਹੈ, ਜਿਸ ਨਾਲ ਦੇਸ਼ ਦਾ ਬੇਲੋੜਾ ਆਰਥਿਕ ਤੇ ਜਾਨੀ ਨੁਕਸਾਨ ਹੋਇਆ ਹੈ।

ਘਰੇਲੂ ਗੈਸ ਵਾਲੇ ਖਪਤਕਾਰਾਂ ਨਾਲ ਹੋ ਰਹੀ ਹੈ ਠੱਗੀ, ਪ੍ਰਸ਼ਾਸਨ ਖਾਮੋਸ਼

ਭਦੌੜ, 24 ਫਰਵਰੀ (ਰਾਕੇਸ਼ ਗਰਗ ਰੌਕੀ)-ਕਸਬਾ ਭਦੌੜ ਦੀ ਇੱਕ ਗੈਸ ਏਜੰਸੀ ਵੱਲੋਂ ਗੈਸ ਦੇ ਖਪਤਕਾਰਾਂ ਨਾਲ ਦਿਨ-ਦਿਹਾੜੇ ਕੀਤੀ ਠੱਗੀ ਪਰ ਪ੍ਰਸ਼ਾਸਨ ਇਸ ਗੱਲ ਨੂੰ ਲੈ ਕੇ ਬਿਲਕੁਲ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਜਾਣਕਾਰੀ ਅਨੁਸਾਰ ਕਸਬਾ ਭਦੌੜ ਦੀ ਇੱਕ ਗੈਸ ਏਜੰਸੀ ਵੱਲੋਂ ਅਫਸਰਾਂ ਦੀ ਮਿਲੀ-ਭੁਗਤ ਨਾਲ ਲੋਕਾਂ ਨਾਲ ਦਿਨ ਦਿਹਾੜੇ ਠੱਗੀ ਮਾਰੀ ਜਾ ਰਹੀ ਹੈ। ਕਿਉਂਕਿ ਜੋ ਵੀ ਇਸ ਗੈਸ ਏਜੰਸੀ ਦੇ ਅੱਜ ਤੋਂ 6 ਸਾਲ ਪਹਿਲਾਂ ਕਨੈਕਸ਼ਨਨ ਕੱਟੇ ਗਏ ਸਨ ਅਤੇ ਕਨੈਕਸ਼ਨ ਕੱਟਣ ਦਰਮਿਆਨ ਖਪਤਕਾਰ ਨੂੰ ਇੱਕ ਸਲੰਡਰ ਦਿੱਤਾ ਸੀ, ਕੇਂਦਰ ਸਰਕਾਰ ਨੇ ਹੁਣ ਉਨ੍ਹਾਂ ਖਪਤਕਾਰਾਂ ਲਈ ਜਿਸ ਨੂੰ ਕਨੈਕਸ਼ਨ ਸੰਨ 2004 ਤੋਂ ਪਹਿਲਾਂ ਅਲਾਟ ਹੋਇਆ ਹੈ, ਉਸ ਨੂੰ ਇੱਕ ਸਲੰਡਰ ਭਰਿਆ ਹੋਇਆ, ਜਿਸ ਦੀ ਕੀਮਤ 1576 ਰੁਪਏ ਬਣਦੀ ਹੈ ਦੇ ਰਹੇ ਹਨ, ਪਰ ਸਿੰਘ ਗੈਸ ਏਜੰਸੀ ਵੱਲੋਂ ਭਰੇ ਹੋਏ ਸਿਲੰਡਰ ਦੇ ਨਾਲ ਇੱਕ ਗੈਸ ਪਾਇਪ ਜ਼ਰੂਰੀ ਧੱਕੇ ਨਾਲ ਦਿੱਤੀ ਜਾ ਰਹੀ ਹੈ ਅਤੇ ਖਪਤਕਾਰਾਂ ਤੋਂ 1800 ਰੁਪਏ ਵਸੂਲ ਰਹੇ ਹਨ। ਜਦੋਂ ਕਿ ਇਸ ਪਾਇਪ ਦੀ ਕੀਮਤ ਮਾਰਕਿਟ ਰੇਟ ਮੁਤਾਬਿਕ 80 ਰੁਪਏ ਹੈ ਪਰ ਗੈਸ ਏਸੰਜੀਸ ਵੱਲੋਂ ਜੋ ਬਿੱਲ ਦਿੱਤਾ ਜਾਂਦਾ ਹੈ, ਉਸ ਵਿੱਚ ਪਾਇਪ ਦੀ ਕੀਮਤ 150 ਰੁਪਏ ਲਗਾਈ ਜਾਂਦੀ ਹੈ, 25 ਰੁਪਏ ਨਵੀਂ ਕਾਪੀ, 25 ਰੁਪਏ ਸਲੰਡਰ ਦੀ ਸਿਕਿਉਰਟੀ ਅਤੇ 25 ਰੁਪਏ ਲਗਾਈ ਜਾਂਦੀ ਹੈ। 25 ਰੁਪਏ ਨਵੀਂ ਕਾਪੀ, 25 ਰੁਪਏ ਸਲੰਡਰ ਦੀ ਸਿਕਿਉਰਟੀ ਅਤੇ 25 ਰੁਪਏ ਰੈਗੂਲੇਟਰ ਦੀ ਸਿਕਿਉਰਟੀ ਲਈ ਜਾਂਦੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਹ ਗੈਸ ਏਜੰਸੀ ਇੱਕ ਠੇਕੇਦਾਰ ਵੱਲੋਂ ਚਲਾਈ ਜਾਂਦੀ ਰਹੀ ਹੈ ਅਤੇ ਇਹ ਠੇਕੇਦਾਰ ਗੈਸ ਸਲੰਡਰ ਬਾਹਰ ਕਿਸੇ ਪਿੰਡ ਜਾ ਕੇ ਦੁਕਾਨਦਾਰ ਨੂੰ ਸਲੰਡਰ ਬਲੈਕ ਵਿੱਚ ਵੇਚ ਰਿਹਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿੰਡਾਂ ਵਾਲਿਆਂ ਨੂੰ ਗੈਸ ਸਲੰਡਰ 35 ਦਿਨਾਂ ਬਾਅਦ ਦਿੱਤਾ ਜਾ ਰਿਹਾ ਹੈ। ਜਦੋਂ ਕਿ 21 ਦਿਨਾਂ ਬਾਅਦ ਸਲੰਡਰ ਦੀ ਬੁਕਿੰਗ ਹੁੰਦੀ ਹੈ ਅਤੇ ਤੀਸਰੇ ਦਿਨ ਸਲੰਡਰ ਦੇਣਾ ਬਣਦਾ ਹੈ। ਜਦੋਂ ਇਸ ਸੰਬੰਧੀ ਸੇਲਜ਼ ਮੈਨੇਜਰ ਸੁਨੀਲ ਕੁਮਾਰ ਪਟਿਆਲਾ ਨਾਲ ਮੋਬਾਇਲ ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਜੋ ਡੀ.ਵੀ.ਸੀ. ਸਲੰਡਰ ਭਰਿਆ ਹੋਇਆ ਦਿੱਤਾ ਜਾ ਰਿਹਾ ਹੈ। ਉਸ ਨਾਲ ਪਾਇਪ ਜ਼ਰੂਰੀ ਨਹੀਂ ਹੈ। ਇਹ ਗੈਸ ਏਜੰਸੀ ਵਾਲੇ ਲੋਕਾਂ ਨੂੰ ਐਵੇਂ ਹੀ ਕਹਿ ਰਹੇ ਹਨ ਕਿ ਪਾਇਪ ਕੰਪਨੀ ਵੱਲੋਂ ਜ਼ਰੂਰੀ ਦੇਣੀ ਹੈ ਅਤੇ ਪਾਇਪ ਦਾ 150 ਰੁਪਏ ਵਸੂਲ ਕਰ ਰਹੇ ਹਨ।

■ ਬੁੱਧਵਾਰ ਨੂੰ ਜਲੰਧਰ ਵਿੱਚ ਮੇਅਰ ਰਾਕੇਸ਼ ਰਾਠੌਰ ਨੇ ਮਹਿੰਦਰ ਭਗਤ, ਬੀਬੀ ਸੁਰਜੀਤ ਕੌਰ, ਕ੍ਰਿਪਾਲ ਸਿੰਘ ਬੂਟੀ ਕੌਂਸਲਰ, ਸੁਰਿੰਦਰ ਮਲਹੋਤਰਾ ਆਦਿ ਨੇਤਾਵਾਂ ਨਾਲ ਮਿਲ ਕੇ ਵਾਰਡ ਨੰ. 42, 43, 44 ਵਿੱਚ ਸੜਕਾਂ ਅਤੇ ਵਿਕਾਸ ਕਾਰਜਾਂ ਲਈ 54 ਲੱਖ ਤੋਂ ਵੱਧ ਦੀ ਗ੍ਰਾਂਟ ਤਕਸੀਮ ਕਰਦੇ ਹੋਏ।

ਤਸਵੀਰ-ਕੁਲਦੀਪ ਸਿੰਘ

ਲਾਇਲਪੁਰੀਆਂ ਕੁੰਭ ਦੇ ਮੇਲੇ 'ਚ ਪਾਈ ਧਮਾਲ

ਫੋਟੋ ਇਕਬਾਲ ਸਿੰਘ ਉੱਭੀ

ਜਲੰਧਰ, 24 ਫਰਵਰੀ (ਇਕਬਾਲ ਸਿੰਘ ਉੱਭੀ) ਬੀਤੇ ਦਿਨੀ ਲਾਇਲਪੁਰ ਖਾਲਸਾ ਕਾਲਜੀਏਟ ਸੀ. ਸੈ. ਸਕੂਲ ਦੀ ਭੰਗੜਾ ਟੀਮ ਨੇ ਕੁੰਭ ਦੇ ਮੇਲੇ 'ਤੇ ਧਮਾਲ ਮਚਾਈ ਅਤੇ ਪਹਿਲ ਸਥਾਨ ਪ੍ਰਾਪਤ ਕੀਤਾ। ਲਾਇਲਪੁਰ ਖਾਲਸਾ ਕਾਲਜੀਏਟ ਦੀ ਟੀਮ ਨੇ ਪ੍ਰੋ. ਪਰਮਿੰਦਰ ਸਿੰਘ, ਪ੍ਰੋ. ਮਨਪ੍ਰੀਤ ਸਿੰਘ ਤੇ ਪ੍ਰੋ. ਇੰਚਾਰਜ ਸਾਹਿਬਾਨ ਦੀ ਅਗਵਾਈ ਵਿੱਚ ਕੁੰਭ ਦੇ ਵਿੱਚ ਭਾਗ ਲਿਆ। ਪਿਪਲੀ ਦੇ ਉਦਾਸੀਨ ਸੰਪਰਦਾ ਨਾਲ ਸਬੰਧਤ ਮਹੰਤ ਸ੍ਰੀ ਸੁਖਦੇਵ ਨੰਦ ਜੀ ਨੇ ਭੰਗੜਾ ਟੀਮ ਦੀ ਸ਼ਲਾਘਾ ਕੀਤੀ ਅਤੇ ਸਨਮਾਨਤ ਕੀਤਾ। ਮਹੰਤ ਸੁਖਦੇਵ ਜੀ ਭੰਗੜਾ ਟੀਮ ਨੂੰ ਹਰ ਸਾਲ ਇਸੇ ਤਰ੍ਹਾਂ ਹੁੰਮ-ਹੁੰਮਾ ਕੇ ਭਾਗ ਲੈਣ ਲਈ ਸੱਦਾ ਦਿੱਤਾ। ਪ੍ਰੋ. ਸੁਖਬੀਰ ਸਿੰਘ ਵਿਰਦੀ ਨੇ ਦੱਸਿਆ ਕਿ ਕੁੰਭ ਦੇ ਮੇਲੇ ਵਿੱਚ ਭਾਗ ਲੈਣ ਵਾਲੀ ਪੰਜਾਬ ਦੇ ਇੱਕੋ ਇੱਕ

ਪੰਚਾਇਤੀ ਰਾਜ ਸਿਖਲਾਈ ਕੈਂਪ ਆਯੋਜਿਤ

ਦੋਦਾ, ਕੋਟ ਭਾਈ, 24 ਫਰਵਰੀ (ਪ੍ਰਕਾਸ਼ ਗਿੱਲ, ਜਸਵੰਤ ਗਿੱਲ)-ਹਲਕਾ ਗਿੱਦੜਬਾਹਾ ਦੇ ਪਿੰਡ ਸੁਖਨਾ ਅਬਲੂ ਵਿਖੇ ਪੰਚਾਇਤੀ ਰਾਜ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ 11 ਪਿੰਡ ਦੇ ਸਰਪੰਚ ਅਤੇ ਪੰਚ (ਪੰਚਾਇਤਾਂ) ਸ਼ਾਮਿਲ ਹੋਇਆ, ਇਸ ਦੋ ਰੋਜ਼ੇ ਕੈਂਪ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਗਿਆਨ ਸਿੰਘ ਰਿਜਨਲ ਪ੍ਰੋਜੈਕਟ ਕੋਆਡੀਨੇਟਰ ਵਿਸ਼ੇਸ਼ ਤੌਰ 'ਤੇ ਪੁੱਜੇ ਪੰਚਾਇਤਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਜਿੰਨੇ ਵੀ ਸਰਪੰਚ-ਪੰਚ ਇੱਥੇ ਪਹੁੰਚੇ ਹਨ। ਉਨ੍ਹਾਂ ਵਿੱਚ ਇਹ ਜ਼ਰੂਰੀ ਹੈ ਕਿ ਉਹ ਨਿਰਪੱਖ ਹੋ ਕੇ ਪਿੰਡਾਂ ਦੇ ਲੋਕਾਂ ਦੇ ਕੰਮ ਅਤੇ ਹੋਰ ਵਿਕਾਸ ਦੇ ਕੰਮਾਂ ਕਰਨ ਅਤੇ ਨਾਲ ਹੀ ਸੈਂਟਰ ਸਰਕਾਰਾਂ ਵੱਲੋਂ ਦਿੱਤੇ ਨਰੇਗਾ ਸਕੀਮ ਜੋ 100 ਦਿਨ ਹਰੇਕ ਪਰਿਵਾਰ ਨੂੰ ਕੰਮ ਦਿੱਤਾ ਹੈ।

ਪੰਜਾਬ ਰਾਜ ਬਿਜਲੀ ਬੋਰਡ

(ਥੋੜ੍ਹੇ ਸਮੇਂ ਦਾ ਟੈਂਡਰ)

ਦਫਤਰ: ਵਧੀਕ ਨਿਗਰਾਨ ਇੰਜੀਨੀਅਰ ਸਿਵਲ ਨਿਰਮਾਣ ਮੰਡਲ ਮਿਨੀ ਸਕੱਤਰੇਤ ਕੇ.ਐਸ.ਐਸ. ਨਗਰ ਫਿਰੋਜ਼ਪੁਰ ਰੋਡ, ਲੁਧਿਆਣਾ।

ਟੈਂਡਰ ਨੋਟਿਸ:
1) ਫੋਕਲ ਪੁਆਇੰਟ ਲੁਧਿਆਣਾ ਵਿਖੇ ਬਿਜਲੀ ਸੇਵਾ ਕੇਂਦਰ ਵਿਚ ਬਿਜਲੀ ਦੀ ਫਿਟਿੰਗ ਅਤੇ ਸਨੇਟਰੀ ਫਿਟਿੰਗ ਆਦਿ ਦਾ ਕੰਮ ਹਰ ਪਖੋ ਮੁਕੰਮਲ ਪੀ.ਡਬਲਯੂ.ਡੀ. ਸਪੈਸੀਫਿਕੇਸ਼ਨ ਅਤੇ ਬੋਰਡ ਦੀਆ ਡਰਾਇੰਗਾਂ ਮੁਤਾਬਿਕ ਕਰਨਾ।
2) ਅਸਟੇਟ ਮੰਡਲ ਗਿਆਸਪੁਰ ਲੁਧਿਆਣਾ ਵਿਖੇ ਬਿਜਲੀ ਸੇਵਾ ਕੇਂਦਰ ਵਿੱਚ ਬਿਜਲੀ ਦੀ ਫਿਟਿੰਗ ਸਨੇਟਰੀ ਦੀ ਫਿਟਿੰਗ, ਪੋਡਰ ਕੋਟਿੰਗ ਅਲਮੀਨੀਅਮ ਦੇ ਦਰਵਾਜੇ ਅਤੇ ਖਿੜਕੀਆਂ ਆਦਿ ਦਾ ਕੰਮ ਹਰ ਪਖੋ ਮੁਕੰਮਲ ਪੀ. ਡਬਲਯੂ.ਡੀ. ਸਪੈਸੀਫਿਕੇਸਨ ਅਤੇ ਬੋਰਡ ਦੀਆਂ ਡਰਾਇੰਗਾਂ ਮੁਤਾਬਕ ਕਰਨਾ।
3) 132 ਕੇ.ਵੀ. ਸਬ-ਸਟੇਸ਼ਨ ਸਵੱਦੀ ਕਲ੍ਹਾਂ ਵਿਖੇ 132 ਕੇ.ਵੀ. ਬਾਹਰੀ ਬੇਅ ਲਈ ਸਵਿੱਚ ਗੀਅਰ ਫਾਊਡੇਸਨਾਂ, ਟਰੈਂਚਾਂ, ਲੈਵਲਿੰਗ, ਡਰੈਸਿੰਗ ਅਤੇ ਬਜਰੀ ਵਿਛਾਉਣਾ ਆਦਿ ਦਾ ਕੰਮ ਸੀ.ਐਸ.ਆਰ. ਅਤੇ ਪੀ.ਡਬਲਯੂ.ਡੀ. ਸਪੈਸੀਫਿਕੇਸ਼ਨਾਂ ਮੁਤਾਬਕ ਕਰਨਾ।

ਟੈਂਡਰ ਇਨਕੁਆਰੀ ਨੰ: 29/2009-10, 30/2009-10 ਅਤੇ 31/2009-10 ਅਤੇ ਸਾਰੇ ਕੰਮ ਮੁਕੰਮਲ ਕਰਨ ਦਾ ਸਮਾਂ 60 ਦਿਨ

ਆਖਰੀ ਤਾਰੀਖ ਅਤੇ ਟਾਈਮ
1. ਟੈਂਡਰ ਦਸਤਾਵੇਜ ਵੇਚਣਾ 11.3.2010 ਸ਼ਾਮ 5.00 ਵਜੇ ਤੱਕ
2. ਟੈਂਡਰ ਪ੍ਰਾਪਤ ਕਰਨਾ 16.3.2010 ਸ਼ਾਮ 1:00 ਵਜੇ ਤੱਕ
3. ਟੈਂਡਰ ਖੋਲ੍ਹਣ ਦਾ ਸਮਾਂ 16.3.2010 ਸ਼ਾਮ 3:00 ਵਜੇ

ਟੈਂਡਰ ਦੇ ਵੇਰਵੇ ਪੰ:ਰਾ:ਬਿ:ਬੋ: ਦੀ ਵੈਬਸਾਈਟ www.pseb gov.in ਤੇ ਉਪਲੱਬਧ ਹਨ।

ਸਹੀ/-
(ਇੰਜ: ਯੁਵਰਾਜ ਸਿੰਘ)
ਵਧੀਕ ਨਿਗਰਾਨ ਇੰਜੀਨੀਅਰ
ਸਿਵਲ ਨਿਰਮਾਣ ਮੰਡਲ ਲੁਧਿਆਣਾ

ਰਲੀਜ਼ ਆਰਡਰ ਨੰ: 314/ਡੀ.ਪੀ.ਆਰ./ਸੀ. 96/10 ਮਿਤੀ 22-2-10

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਕਲਾਸੀਫਾਈਡ

CHANNGE OF NAME

I, Harmesh S/o Parkash Ram R/o V.P.O. Jadla, P/S Sadar, Distt. Nawanshahr have Changed my name Harmesh to Harmesh Kumar. Please Note.

I, Kirandeep Mann W/o Rahul Mohey R/o Near Civil Hospital Nurpur Bedi Road, Garhshankar (Hoshiarpur) have Changed my name as Kirandeep Mann Mohey.

I, Ravinder Kaur Randhawa W/o Dilbag Singh Rai R/o Vill. Kalra, P.O. Garhdiwala, Distt. Hoshiarpur have Changed my name After Re marriage from Ravinder Kaur Randhawa to Ravinder Kaur Rai. All Concerned Please Note.

I, Sukhpreet Kaur W/o S. Hardeep Singh Doal R/o V.P.O. Lidhran, Distt. Jalandhar have Changed my name from Sukhpreet Kaur to Sukhpreet Kaur Doal after my marriage with S. Hardeep Singh Doal. Concerned May Note.

I, Naresh Bagha S/o Sh. Satpal R/o V.P.O. Bolina Doaba, Distt. Jalandhar have Changed my name from Naresh Bagha to Naresh Singh. Concerned May Note.

I, Rekha D/o Satpal R/o Vill. Bal, Distt. Jalandhar have Changed my name from Rekha to Rekha Virdi.

I, Ranjit Kaur W/o Makhan Pal Singh Brar R/o V.P.O. Begowal, Ward No. 1, Distt. Kapurthala, Punjab have Changed my name from Ranjit Kaur to Palwinderjit Kaur Brar. All Concerned to Note.

I, Sukhpreet Kaur Padda D/o Sarabjit Singh Padda Now W/o Bhupinder Singh Rana R/o Malko Tarar, P.O. Sammipur, Near T.V. Tower, Distt. Jalandhar have Changed my name to Sukhpreet Kaur Rana.

I, Krishana W/o Amarjit R/o V.P.O. Jadla, P/S Sadar, Distt. Nawanshahr have Changed my name Krishana to Krishana Kumari. Please Note.

I, Charanjit S/o Jagat Ram R/o Vill. Mazari, P.O. Banga, Distt. S. Bhagat Singh Nagar have Changed my name from Charanjit to Charanjit Kaur. All Concerned Please Note.

I, Parmjit Kaur W/o Baldev Singh Dhillon R/o Vill. Subhana, P.O. Mithapur, Distt. Jalandhar have Changed my name to Now as Parmjit Kaur Dhillon. All Concerned Please Note.

I, Baldev Singh S/o Davinder Singh R/o Vill. Subhana, P.O. Mithapur, Distt. Jalandhar have Changed my name to Now as Baldev Singh Dhillon. All Concerned Please Note.

I, Baldev Singh Dhillon S/o Davinder Singh R/o Vill. Subhana, P.O. Mithapur, Distt. Jalandhar have Changed the name of my Minor Son Sukhraj Singh to Now Sukhraj Singh Dhillon. All Concerned Please Note.

I, Harjinder Singh Bagga S/o S. Amar Singh R/o H.No. B-1-327, Maksudan Bye pass, Jalandhar have Changed The name of my Minor Son Kuljit Singh Bagga. All Concerned Please Note.

I, Gurdeep S/o Sadu Ram R/o V.P.O. Sarhal Mundi, Distt. Jalandhar have Change my name from Gurdeep to Gurdip Kumar. Please Note.

I, Bharat Ram S/o Genda Ram R/o V. Chak Phullu, P.O. Sahungra, Teh. Garhshankar, Distt. Hoshiarpur (PB.) have Changed my name from Bharat Ram to Bharat Singh. All Concerned Please Note.

I, Arjun Singh S/o S. Balbir Singh R/o Chak Kalal, Banga Distt. S.B.S Nagar (Pb.) India have Changed my name Arjun Singh to Arjun Singh Nangla.

I, Sunita Rani W/o S. Arjun Singh Nangla R/o Chak Kalal, Banga Distt. S.B.S Nagar (Pb.) India have Changed my name Sunita Rani to Sunita Rani Nangla.

I, Hardyal Alias Hardyal Ram Alias Hardyal Chand S/o Udho Ram R/o V.P.O. Virk Patti Bahodipur, Teh. Phillaur (Jalandhar) have Changed my name to Hardyal Chamba.

I, Kulwinder Kaur W/o Hardev Singh R/o Shiv Puri, Gali No. 9, Phagwara (Kapurthala) have Changed my name to Sukhvir Kaur.

ਨਾਮ ਦੀ ਬਦਲੀ

ਮੈਂ ਸਰਬਜੀਤ ਸਪੁੱਤਰੀ ਅਮਰੀਕ ਸਿੰਘ ਵਾਸੀ ਕਿਲ੍ਹਾ ਮੁਹੱਲਾ, ਪਿੰਡ ਤਲਵਨ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਸਰਬਜੀਤ ਤੋਂ ਬਦਲ ਕੇ ਸਰਬਜੀਤ ਕੌਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਗੁਰਦੀਪ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦਾ ਹਾਂ। ਗੁਰਦੀਪ ਸਿੰਘ ਅਤੇ ਮਲਕੀਤ ਸਿੰਘ ਦੋਹਾਂ ਨਾਵਾਂ ਨਾਲ ਮੈਨੂੰ ਜਾਣਿਆ ਜਾਂਦਾ ਹੈ। ਹੁਣ ਮੈਨੂੰ ਗੁਰਦੀਪ ਸਿੰਘ ਉਰਫ ਕੁਲਦੀਪ ਸਿੰਘ ਦੋਹਾਂ ਨਾਵਾਂ ਨਾਲ ਜਾਣਿਆ ਜਾਵੇ।

ਮੈਂ ਹਰਪ੍ਰੀਤ ਕੌਰ ਪੁੱਤਰੀ ਕਰਮਜੀਤ ਸਿੰਘ ਵਾਸੀ ਮੁਕਤਸਰ ਨੇ ਆਪਣਾ ਨਾਮ ਬਦਲ ਕੇ ਹਰਪ੍ਰੀਤ ਕੌਰ ਭਬਰਾ ਰੱਖ ਲਿਆ ਹੈ।

ਮੈਂ ਸਿਮਰਨਜੀਤ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਮੁਕਤਸਰ ਨੇ ਆਪਣਾ ਨਾਮ ਬਦਲ ਕੇ ਸਿਮਰਨਜੀਤ ਸਿੰਘ ਭਬਰਾ ਰੱਖ ਲਿਆ ਹੈ।

ਬੇਦਖਲੀ ਸੂਚਨਾ

ਮੈਂ ਹਰਬੰਸ ਸਿੰਘ ਧਾਰੀਵਾਲ ਪੁੱਤਰ ਬੂਟਾ ਸਿੰਘ ਧਾਰੀਵਾਲ ਵਾਸੀ 136 ਐਚ, ਰਾਮ ਪੁਰਾ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਗੁਰਸ਼ਰਨਜੀਤ ਸਿੰਘ ਧਾਰੀਵਾਲ ਅਤੇ ਉਸ ਦੀ ਪਤਨੀ ਕਮਲ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਪਰੋਕਤ ਦੋਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਆਮ ਸੂਚਨਾ

ਮੈਂ ਸਤਿੰਦਰ ਕੌਰ ਪਤਨੀ ਗੁਰਮੇਜ ਸਿੰਘ ਮਚਰਾਵਾਂ (ਗੁਰਦਾਸਪੁਰ) ਹਲਫੀਆ ਬਿਆਨ ਕਰਦੀ ਹਾਂ ਕਿ ਰਾਸ਼ਨ ਕਾਰਡ ਤੇ ਗਲਤੀ ਨਾਲ ਮੇਰੇ ਬੇਟੇ ਅਤੇ ਬੇਟੀ ਦਾ ਨਾਮ ਜੋਬਨਜੀਤ ਸਿੰਘ ਅਤੇ ਸਿਮਰਜੀਤ ਕੌਰ ਲਿਖਿਆ ਗਿਆ ਹੈ। ਇਹਨਾਂ ਨੂੰ ਠੀਕ ਕਰਕੇ ਜੋਸ਼ਨਜੀਤ ਸਿੰਘ ਅਤੇ ਸਿਮਰਨਜੀਤ ਕੌਰ ਕੀਤਾ ਜਾਵੇ।

ਸੂਚਨਾ

ਮੈਂ ਹਰਜੀਤ ਸਿੰਘ ਪੁੱਤਰ ਗਾਹੀ ਸਿੰਘ ਵਾਸੀ ਪਿੰਡ ਭੱਠਲ, ਡਾਕਖਾਨਾ ਬੁਆਨੀ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਲੜਕੀ ਪਰਮਜੀਤ ਕੌਰ ਦੀ ਸ਼ਾਦੀ ਗੁਰਮੀਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਬਾਜਾ ਮਰਾੜਾ, ਤਹਿਸੀਲ ਤੇ ਜ਼ਿਲ੍ਹਾ ਮੁਕਤਸਰ ਨਾਲ ਕੀਤੀ ਸੀ। ਪਰ ਮੇਰਾ ਜਵਾਈ ਗੁਰਮੀਤ ਸਿੰਘ ਮੇਰੇ ਅਤੇ ਮੇਰੇ ਪ੍ਰੀਵਾਰ ਦੇ ਕਹਿਣੇ ਤੋਂ ਬਾਹਰ ਹੈ। ਸੋ ਮੇਰਾ ਅਤੇ ਮੇਰੇ ਪ੍ਰੀਵਾਰਕ ਮੈਂਬਰਾਂ ਦਾ ਹੁਣ ਉਸ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਬੇਰੁਜ਼ਗਾਰ ਲਾਈਨਮੈਨਾਂ 'ਤੇ ਲਾਠੀਚਾਰਜ ਦੀ ਨਿੰਦਾ

ਸਮਾਲਸਰ, 24 ਫਰਵਰੀ (ਕੰਵਲਜੀਤ ਸਿੰਘ ਭੋਲਾ)-ਟੈਕਨੀਕਲ ਸਰਵਿਸਜ਼ ਯੂਨੀਅਨ ਉਪ ਮੰਡਲ ਸਮਾਲਸਰ ਦੀ ਵਰਕਿੰਗ ਕਮੇਟੀ ਦੀ ਇੱਕ ਵਿਸ਼ੇਸ਼ ਇਕੱਤਰਤਾ ਸਬ ਡਵੀਜ਼ਨ ਦੇ ਪ੍ਰਧਾਨ ਸਵਰਨ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਸਮਾਸਲਰ ਵਿਖੇ ਹੋਈ, ਜਿਸ ਵਿੱਚ ਸਬ ਡਵੀਜ਼ਨ ਦੇ ਮੀਤ ਪ੍ਰਧਾਨ ਨਰੈਣ ਸਿੰਘ, ਸਕੱਤਰ ਗੋਰਖ ਸਿੰਘ ਮਾੜੀ ਮੁਸਤਫਾ, ਸਕੱਤਰ ਰਛਪਾਲ ਸਿੰਘ ਅਤੇ ਕੈਸ਼ੀਅਰ ਜਲੌਰ ਸਿੰਘ ਅਤੇ ਉਪ ਮੰਡਲ ਵਿੱਚ ਕੰਮ ਕਾਮਿਆਂ ਨੇ ਵੀ ਹਿੱਸਾ ਲਿਆ। ਉਕਤ ਬੁਲਾਰਿਆਂ ਨੇ ਕਿਹਾ ਕਿ ਆਪਣਾ ਹੱਕ ਮੰਗ ਰਹੇ ਬੇਰੁਜ਼ਗਾਰ ਲਾਇਨਮੈਨਾਂ ਤੇ ਮੁੱਖ ਮੰਤਰੀ ਪੰਜਾਬ ਦੀ ਹਾਜ਼ਰੀ ਵਿੱਚ ਪੁਲਿਸ ਵੱਲੋਂ ਜੋ ਲਾਠੀਚਾਰਜ ਕੀਤਾ ਗਿਆ ਹੈ।

ਦਫਤਰ ਨਗਰ ਕੌਂਸਲ ਕਪੂਰਥਲਾ

(ਪਬਲਿਕ ਨੋਟਿਸ)

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਨੰ: B-18/124, 125 ਅਤੇ B-18/131 ਮੁਹੱਲਾ ਜੱਟ ਪੁਰਾ ਨਗਰ ਕੌਂਸਲ ਦੇ ਰਿਕਾਰਡ ਵਿੱਚ ਸ੍ਰੀ ਸੁਰਿੰਦਰ ਸਿੰਘ ਪੁੱਤਰ ਸ੍ਰੀ ਚੰਨਣ ਸਿੰਘ ਦੇ ਨਾਮ ਤੇ ਦਰਜ ਹੈ। ਜਿਹਨਾਂ ਦੀ ਮੌਤ ਮਿਤੀ 05-04-93 ਨੂੰ ਹੋ ਗਈ ਸੀ। ਮੌਤ ਦਾ ਸਰਟੀਫਿਕੇਟ ਨਾਲ ਨੱਥੀ ਹੈ। ਹੁਣ ਸ੍ਰੀ ਪਰਮਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਨੇ ਦਰਖਾਸਤ ਦਿੱਤੀ ਹੈ ਕਿ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਅਸੀਂ (ਚਰਨਜੀਤ ਕੌਰ ਪਤਨੀ, ਦਵਿੰਦਰ ਕੌਰ, ਅਮਰਤ ਪਾਲ ਕੌਰ, ਸੁਖਜੀਤ ਕੌਰ, ਹਰਪ੍ਰੀਤ ਕੌਰ ਪੁੱਤਰੀਆਂ, ਪਰਮਜੀਤ ਸਿੰਘ ਅਤੇ ਹਰਪਾਲ ਸਿੰਘ ਪੁੱਤਰ) ਕਾਨੂੰਨੀ ਵਾਰਸ ਹਾਂ। ਸਾਡੇ ਤੋਂ ਇਲਾਵਾ ਹੋਰ ਕੋਈ ਵਾਰਸ ਨਹੀਂ ਹੈ। ਇਸ ਸਬੰਧੀ ਬਿਨੈਕਾਰ ਨੇ ਇਕ ਹਲਫੀਆ ਬਿਆਨ ਵੀ ਦਿੱਤਾ ਹੈ ਕਿ ਇਸ ਪ੍ਰਾਪਰਟੀ ਸਬੰਧੀ ਕੋਈ ਝਗੜਾ ਜਾਂ ਉਜਰ ਨਹੀਂ ਹੈ। ਲੜੀ ਨੰ: 1 ਤੋਂ 5 ਵਾਰਸਾਂ ਨੇ ਆਪਣਾ-ਆਪਣਾ ਹਲਫੀਆ ਬਿਆਨ ਦੇ ਕੇ ਲਿਖਿਆ ਹੈ ਕਿ ਉਕਤ ਪ੍ਰੋਪਰਟੀ ਸਾਡੇ ਭਰਾ ਪਰਮਜੀਤ ਸਿੰਘ ਅਤੇ ਹਰਪਾਲ ਸਿੰਘ ਦੇ ਨਾਮ ਤੇ ਤਬਦੀਲ ਕਰ ਦਿੱਤੀ ਜਾਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ ਨਹੀਂ ਹੈ। ਜੇਕਰ ਕਿਸੇ ਨੂੰ ਇਸ ਸਬੰਧੀ ਕੋਈ ਇਤਰਾਜ ਹੋਵੇ ਤਾਂ ਇਸ ਪ੍ਰਕਾਸ਼ਨਾ ਤੋਂ 30 ਦਿਨਾਂ ਦੇ ਅੰਦਰ ਨਗਰ ਕੌਂਸਲ ਦੇ ਦਫਤਰ ਵਿਖੇ ਦੇ ਸਕਦਾ ਹੈ। ਇਸ ਸਮੇਂ ਤੱਕ ਜੇਕਰ ਕੋਈ ਇਤਰਾਜ ਨਾ ਆਇਆ ਜਾਂ ਇਤਰਾਜ ਵਾਜਿਬ ਨਾ ਹੋਇਆ ਤਾਂ ਇਹ ਪ੍ਰੋਪਰਟੀ ਨੰ: **B-18/124, 125 ਅਤੇ B-18/131** ਮੁਹੱਲਾ ਜੱਟ ਪੁਰਾ ਸਿਰਫ ਹਾਉਸ ਟੈਕਸ ਮੰਤਵ ਲਈ ਪਰਮਜੀਤ ਸਿੰਘ ਅਤੇ ਹਰਪਾਲ ਸਿੰਘ ਪੁੱਤਰ ਸੁਰਿੰਦਰ ਸਿੰਘ ਦੇ ਨਾਮ ਤੇ ਦਰਜ ਕਰ ਦਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ।

1396 ਸਹੀ/-
ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਕਪੂਰਥਲਾ।

ਉੱਤਰ ਰੇਲਵੇ

ਟੈਂਡਰ ਸੂਚਨਾ

ਲੜੀ ਨੰ.: 1. ਟੈਂਡਰ ਨੋਟਿਸ ਉ.ਰੀ.-39/09-2010 [illegible] ... ਟੈਂਡਰ ਖੁੱਲ੍ਹਣ ਦੀ ਮਿਤੀ: 30.03.2010 ... 1142130/- ... ਲੜੀ ਨੰ.: 2. ਟੈਂਡਰ ਨੋਟਿਸ ਉ.ਰੀ.-40/09-2010 [illegible] ... 30.03.2010 ... 7393100/- ... www.nr.indianrail.gov.in ... 17.02.2010 808/2010

ਗਾਹਕਾਂ ਦੀ ਸੇਵਾ ਵਿੱਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਟੈਂਡਰ ਸੂਚਨਾ

[illegible] ... 26.03.2010 ... 15.00 ... ਸ.ਨੰ.: 1 ... 70.43 ਲੱਖ ਰੁਪਏ ... 11.03.2010 ਤੋਂ 25.03.2010 ... ਸ.ਨੰ.: 2 ... 61.50 ਲੱਖ ਰੁਪਏ ... www.nr.indianrail.gov.in ... 17.02.2010 810/10

ਗਾਹਕਾਂ ਦੀ ਸੇਵਾ ਵਿੱਚ ਮੁਸਕਾਨ ਦੇ ਨਾਲ